# ਵਿਕਟੋਰੀਅਨ ਸੁਪਰਕੇਅਰ ਫਾਰਮੇਸੀਆਂ

Victorian Supercare Pharmacies – Punjabi | ਪੰਜਾਬੀ

**OFFICIAL**

ਵਿਕਟੋਰੀਅਨ ਸੁਪਰਕੇਅਰ ਫਾਰਮੇਸੀ ਨੂੰ ਕੰਮਕਾਜੀ ਘੰਟਿਆਂ ਦੇ ਬਾਅਦ ਪੇਸ਼ੇਵਰ ਸਿਹਤ-ਸੰਭਾਲ ਅਤੇ ਸਲਾਹ ਤੱਕ ਪਹੁੰਚ ਪ੍ਰਦਾਨ ਕਰਨ ਲਈ ਵਿਕਟੋਰੀਆ ਦੀ ਸਰਕਾਰ ਦੁਆਰਾ ਸਹਾਇਤਾ ਪ੍ਰਾਪਤ ਹੈ।

ਸੁਪਰਕੇਅਰ ਫਾਰਮੇਸੀ:

- ਹਫ਼ਤੇ ਦੇ ਸੱਤੇ ਦਿਨ ਆਮ ਕੰਮਕਾਜੀ ਸਮੇਂ ਤੋਂ ਬਾਅਦ ਖੁੱਲ੍ਹੀ ਰਹਿੰਦੀ ਹੈ, ਸਲਾਹ, ਦਵਾਈਆਂ ਦੀ ਸਪਲਾਈ ਅਤੇ ਲਿਖਤ ਦਵਾਈਆਂ ਲੈਣ ਲਈ ਫਾਰਮਾਸਿਸਟ ਤੱਕ ਪਹੁੰਚ ਪ੍ਰਦਾਨ ਕਰਦੀ ਹੈ।
- ਮਾਮੂਲੀ ਬਿਮਾਰੀ ਅਤੇ ਸੱਟਾਂ ਲਈ ਹਰ ਰੋਜ਼ ਸ਼ਾਮ 6 ਵਜੇ ਤੋਂ ਰਾਤ 10 ਵਜੇ ਦੇ ਵਿਚਕਾਰ ਮੁਫ਼ਤ ਨਰਸਿੰਗ ਸੇਵਾ ਦੇਣ ਵਾਲਾ ਇੱਕ ਪ੍ਰਾਈਵੇਟ ਸਲਾਹਕਾਰ ਕਮਰਾ ਸ਼ਾਮਲ ਹੈ।
- ਤੁਹਾਡੇ ਭਾਈਚਾਰੇ ਵਿੱਚ ਇਹ ਵਾਧੂ ਸੇਵਾ ਪ੍ਰਦਾਨ ਕਰਨ ਲਈ ਚੁਣੀ ਗਈ ਫਾਰਮੇਸੀ ਦੇ ਨਾਮ ਅਤੇ ਮਾਰਕੇ (ਬ੍ਰਾਂਡਿੰਗ) ਦੇ ਤਹਿਤ ਕੰਮ ਕਰਦੀ ਹੈ। ਉਹਨਾਂ ਨੂੰ ਹਫ਼ਤੇ ਦੇ ਸੱਤੇ ਦਿਨ ਆਮ ਕੰਮਕਾਜੀ ਸਮੇਂ ਤੋਂ ਬਾਅਦ ਖੁੱਲ੍ਹਣ ਲਈ ਸਰਕਾਰ ਦੁਆਰਾ ਸਹਾਇਤਾ ਪ੍ਰਾਪਤ ਹੈ ਅਤੇ ਤੁਹਾਡੀ ਫੇਰੀ ਦੌਰਾਨ ਗੁਪਤਤਾ ਨੂੰ ਯਕੀਨੀ ਬਣਾਉਣ ਲਈ ਨਰਸ ਲਈ ਇੱਕ ਸਮਰਪਿਤ ਪ੍ਰਾਈਵੇਟ ਸਲਾਹ ਦੇਣ ਵਾਲਾ ਕਮਰਾ ਮੌਜੂਦ ਹੈ।
- ਤੁਹਾਡੀ ਗੁਪਤਤਾ ਦਾ ਆਦਰ ਕਰਦੀ ਹੈ। ਤੁਹਾਡੀ ਸਿਹਤ ਦੀ ਜਾਣਕਾਰੀ ਸਿਰਫ਼ ਤੁਹਾਡੀ ਸਹਿਮਤੀ ਨਾਲ ਅਤੇ ਤੁਹਾਡੇ ਆਮ ਡਾਕਟਰ ਸਮੇਤ ਬਹੁਤ ਹੀ ਖ਼ਾਸ ਉਦੇਸ਼ਾਂ ਲਈ ਸਾਂਝੀ ਕੀਤੀ ਜਾਵੇਗੀ।
- ਦੁਭਾਸ਼ੀਏ ਵਾਲੀਆਂ ਸੇਵਾਵਾਂ ਤੱਕ ਪਹੁੰਚ ਹੈ।
- ਰਾਤ ਦੇ ਸਮੇਂ ਉਸ ਜਗ੍ਹਾ 'ਤੇ ਸੁਰੱਖਿਆ ਗਾਰਡ ਤਾਇਨਾਤ ਹੁੰਦਾ ਹੈ ਅਤੇ, ਜੇਕਰ ਹਾਲਾਤਾਂ ਅਨੁਸਾਰ ਲੋੜ ਪੈਂਦੀ ਹੈ, ਤਾਂ ਉਚਿਤ ਐਮਰਜੈਂਸੀ ਸੇਵਾਵਾਂ ਹਾਜ਼ਰ ਹੋਣਗੀਆਂ।
- ਪੈਲੀਏਟਿਵ ਕੇਅਰ (ਅੰਤਿਮ ਸਮੇਂ ਲਈ ਰਾਹਤ ਦੇਖਭਾਲ) ਲਈ ਸਟੈਂਡਰਡ ਦਵਾਈਆਂ ਦਾ ਸਟੌਕ ਹੁੰਦਾ ਹੈ।

## ਨਰਸਿੰਗ ਸੇਵਾ

- ਰਜਿਸਟਰਡ ਨਰਸ ਹਰ ਸ਼ਾਮ 6 ਵਜੇ ਅਤੇ ਰਾਤ 10 ਵਜੇ ਦੇ ਵਿਚਕਾਰ ਸਲਾਹ-ਮਸ਼ਵਰੇ ਲਈ ਉਪਲਬਧ ਹੁੰਦੀ ਹੈ।
- ਨਰਸਾਂ ਮਾਮੂਲੀ ਸਿਹਤ ਸਮੱਸਿਆਵਾਂ ਜਿਵੇਂ ਕਿ ਧੱਫੜ, ਪਰਾਗ ਤਾਪ ਅਤੇ ਕੀੜੇ ਦੇ ਕੱਟਣ, ਅਤੇ ਮਾਮੂਲੀ ਜਲਣ, ਕੱਟਾਂ ਅਤੇ ਸੱਟਾਂ ਦਾ ਇਲਾਜ ਕਰਨ ਦੇ ਯੋਗ ਹਨ। ਉਹ ਬਲੱਡ ਪ੍ਰੈਸ਼ਰ ਦੀ ਜਾਂਚ ਕਰਨ, ਟੀਕਾਕਰਨ ਲਗਾਉਣ ਅਤੇ ਜੀਵਨਸ਼ੈਲੀ ਬਾਰੇ ਸਲਾਹ ਅਤੇ ਸਿਹਤ ਜਾਣਕਾਰੀ ਦੇਣ ਦੇ ਯੋਗ ਹੋਣਗੀਆਂ।
- ਨਰਸਾਂ ਕੁੱਝ ਕੁ ਕਿਸਮਾਂ ਦੇ ਟੀਕਾਕਰਨ ਲਗਾਉਣ ਲਈ ਉਪਲਬਧ ਹਨ, ਜਿਵੇਂ ਕਿ ਕਾਲੀ ਖੰਘ ਅਤੇ ਫ਼ਲੂਅ ਦੇ ਟੀਕੇ। ਉਹ ਡਾਕਟਰ ਦੁਆਰਾ ਲਿਖਤ ਟੀਕਾਕਰਨ ਦਾ ਪ੍ਰਬੰਧਨ ਕਰਨ ਦੇ ਯੋਗ ਵੀ ਹਨ।
- ਸੁਪਰਕੇਅਰ ਫਾਰਮੇਸੀ ਵਿੱਚ ਉਪਲਬਧ ਨਰਸਾਂ ਦਵਾਈ ਲਈ ਪਰਚੀ ਲਿਖਕੇ ਦੇਣ ਦੇ ਯੋਗ ਨਹੀਂ ਹਨ। ਜੇਕਰ ਡਾਕਟਰੀ ਸਮੀਖਿਆ ਦੀ ਲੋੜ ਹੁੰਦੀ ਹੈ, ਤਾਂ ਨਰਸਾਂ ਹੋਰ ਉਚਿਤ ਸਿਹਤ ਸੇਵਾ ਪ੍ਰਦਾਤਾਵਾਂ ਦਾ ਸੁਝਾਅ ਦੇਣਗੀਆਂ।
- ਮਰੀਜ਼ਾਂ ਨੂੰ ਪਹਿਲਾਂ ਆਓ, ਪਹਿਲਾਂ-ਪਾਓ ਦੇ ਆਧਾਰ 'ਤੇ ਦੇਖਿਆ ਜਾਂਦਾ ਹੈ। ਅਪੋਇੰਟਮੈਂਟ ਲੈਣੀ ਜ਼ਰੂਰੀ ਨਹੀਂ ਹੈ। ਜੇਕਰ ਵਿਅਕਤੀ ਦੀ ਸਥਿਤੀ ਨੂੰ ਉੱਚ ਪੱਧਰੀ ਦੇਖਭਾਲ ਦੀ ਲੋੜ ਹੁੰਦੀ ਹੈ, ਤਾਂ ਉਹਨਾਂ ਨੂੰ ਵਧੇਰੇ ਢੁੱਕਵੀਂ ਸੇਵਾ ਲਈ ਭੇਜਿਆ ਜਾਂਦਾ ਹੈ।
- ਸੁਪਰਕੇਅਰ ਫਾਰਮੇਸੀ ਵਿਖੇ ਨਰਸ ਨੂੰ ਮਿਲਣ ਲਈ ਕੋਈ ਸਲਾਹ-ਮਸ਼ਵਰਾ ਫ਼ੀਸ ਨਹੀਂ ਦੇਣੀ ਪੈਂਦੀ ਹੈ। ਸਲਾਹ-ਮਸ਼ਵਰੇ ਦੌਰਾਨ ਨਰਸ ਦੁਆਰਾ ਵਰਤੀਆਂ ਜਾਂਦੀਆਂ ਮੈਡੀਕਲ ਸਪਲਾਈਆਂ ਵੀ ਮੁਫ਼ਤ ਹਨ। ਮਰੀਜ਼ ਫਾਰਮੇਸੀ ਤੋਂ ਵਾਧੂ ਉਤਪਾਦ ਖਰੀਦਣ ਦੀ ਚੋਣ ਕਰ ਸਕਦੇ ਹਨ।

- ਤੁਹਾਨੂੰ ਮੈਡੀਕੇਅਰ ਕਾਰਡ ਦੀ ਜ਼ਰੂਰਤ ਨਹੀਂ ਹੁੰਦੀ ਹੈ। ਇਹ ਸੇਵਾ ਸੂਬੇ ਦੇ ਸਾਰੇ ਵਿਕਟੋਰੀਆ ਵਾਸੀਆਂ ਅਤੇ ਯਾਤਰੀਆਂ ਲਈ ਉਪਲਬਧ ਹੈ।
- ਕੁੱਝ ਮਾਮਲਿਆਂ ਵਿੱਚ, ਇਲਾਜ ਦਾ ਸਭ ਤੋਂ ਢੁੱਕਵਾਂ ਰੂਪ ਕਿਸੇ ਜਨਰਲ ਪ੍ਰੈਕਟੀਸ਼ਨਰ ਤੋਂ ਉਪਲਬਧ ਹੋ ਸਕਦਾ ਹੈ। ਨਰਸਾਂ ਇਹ ਸੁਝਾਅ ਦੇ ਸਕਦੀਆਂ ਹਨ ਕਿ ਜਦੋਂ GP ਉਪਲਬਧ ਹੋਵੇ ਤਾਂ ਤੁਸੀਂ ਆਪਣੇ ਰੈਗੂਲਰ ਜੀਪੀ ਨੂੰ ਮਿਲੋ। ਸੁਪਰਕੇਅਰ ਫਾਰਮੇਸੀ ਵਾਲੀ ਨਰਸ ਸਥਾਨਕ ਕੰਮਕਾਜੀ ਸਮੇਂ ਤੋਂ ਬਾਅਦ ਖੁੱਲੀਆਂ ਜਾਂ ਹੋਰ ਡਾਕਟਰੀ ਸੇਵਾਵਾਂ ਦਾ ਸੁਝਾਅ ਦੇ ਸਕਦੀ ਹੈ। ਤੁਹਾਡੀ ਸਹਿਮਤੀ ਨਾਲ, ਨਰਸ ਤੁਹਾਡੇ ਜੀਪੀ ਨੂੰ ਇਸ ਬਾਰੇ ਵੇਰਵਿਆਂ ਸਹਿਤ ਇੱਕ ਲਿਖਤੀ ਸੰਖੇਪ ਜਾਣਕਾਰੀ ਪ੍ਰਦਾਨ ਕਰੇਗੀ ਕਿ ਤੁਸੀਂ ਸੁਪਰਕੇਅਰ ਫਾਰਮੇਸੀ ਵਿੱਚ ਕਿਉਂ ਹਾਜ਼ਰ ਹੋਏ ਸੀ।

# ਸਥਾਨ

ਪੂਰੇ ਵਿਕਟੋਰੀਆ ਵਿੱਚ ਵੀਹ ਸੁਪਰਕੇਅਰ ਫਾਰਮੇਸੀਆਂ ਖੁੱਲ੍ਹੀਆਂ ਹੋਈਆਂ ਹਨ, ਛੇ ਦਿਹਾਤੀ ਇਲਾਕਿਆਂ ਵਿੱਚ ਸਥਿਤ ਹਨ:

ਨੋਟ: ਫਾਰਮੇਸੀ ਦੇ ਕੰਮਕਾਜੀ ਘੰਟੇ ਬਦਲ ਸਕਦੇ ਹਨ। ਕਿਰਪਾ ਕਰਕੇ ਹਾਜ਼ਰ ਹੋਣ ਤੋਂ ਪਹਿਲਾਂ ਸੰਬੰਧਿਤ ਫਾਰਮੇਸੀ ਨਾਲ ਸੰਪਰਕ ਕਰੋ ਜਾਂ Google 'ਤੇ ਦੇਖੋ।

| **ਇਲਾਕਾ** | **ਸੰਪਰਕ ਕਰੋ** | **ਕੰਮਕਾਜੀ ਸਮਾਂ** |
|---|---|---|
| Ballarat | UFS Dispensaries<br>717 Sturt Street,<br>Ballarat<br>ਫ਼ੋਨ: 5331 9811 | ਸਵੇਰੇ 7 ਵਜੇ-ਰਾਤ 11 ਵਜੇ ਤੱਕ,<br>ਹਫ਼ਤੇ ਦੇ 7 ਦਿਨ |
| Bendigo | Bendigo UFS Pharmacies<br>Corner View and Barnard Streets<br>Bendigo<br>ਫ਼ੋਨ: 5443 4610 | ਸਵੇਰੇ 7 ਵਜੇ-ਰਾਤ 11 ਵਜੇ ਤੱਕ,<br>ਹਫ਼ਤੇ ਦੇ 7 ਦਿਨ |
| Craigieburn | Chemist Discount Centre<br>2A/340 Craigieburn Road,<br>Craigieburn<br>ਫ਼ੋਨ: 9308 4981 | ਸਵੇਰੇ 7 ਵਜੇ-ਰਾਤ 11 ਵਜੇ ਤੱਕ,<br>ਹਫ਼ਤੇ ਦੇ 7 ਦਿਨ |
| Hoppers Crossing | Chemist Warehouse<br>Shop 24-25, 428 Old Geelong Rd<br>Hoppers Crossing<br>ਫ਼ੋਨ: 9931 0040 | ਸਵੇਰੇ 7 ਵਜੇ-ਰਾਤ 11 ਵਜੇ ਤੱਕ,<br>ਹਫ਼ਤੇ ਦੇ 7 ਦਿਨ |
| Melton | Chemist Warehouse<br>Unit 4 Melton Gateway, 66-84 High St,<br>Melton<br>ਫ਼ੋਨ: 9746 8733 | ਸਵੇਰੇ 7 ਵਜੇ-ਰਾਤ 11 ਵਜੇ ਤੱਕ,<br>ਹਫ਼ਤੇ ਦੇ 7 ਦਿਨ |
| Mildura | Chemist Warehouse<br>114A -118 Langtree Ave,<br>Mildura<br>ਫ਼ੋਨ: 5023 2383 | ਸਵੇਰੇ 7 ਵਜੇ-ਰਾਤ 11 ਵਜੇ ਤੱਕ,<br>ਹਫ਼ਤੇ ਦੇ 7 ਦਿਨ |
| Traralgon | Chemist Warehouse<br>92 Franklin St,<br>Traralgon<br>ਫ਼ੋਨ: 5174 2003 | ਸਵੇਰੇ 7 ਵਜੇ-ਰਾਤ 11 ਵਜੇ ਤੱਕ,<br>ਹਫ਼ਤੇ ਦੇ 7 ਦਿਨ |
| Yarraville | Carnovale Pharmacy<br>149 Somerville Road,<br>Yarraville<br>ਫ਼ੋਨ: 9314 7557 | ਸਵੇਰੇ 7 ਵਜੇ-ਰਾਤ 11 ਵਜੇ ਤੱਕ,<br>ਹਫ਼ਤੇ ਦੇ 7 ਦਿਨ |

ਜੇਕਰ ਲੋੜ ਹੋਵੇ ਤਾਂ ਇਸ ਦਸਤਾਵੇਜ਼ ਨੂੰ ਕਿਸੇ ਹੋਰ ਰੂਪ ਵਿੱਚ ਪ੍ਰਾਪਤ ਕਰਨ ਲਈ, ਨੈਸ਼ਨਲ ਰੀਲੇਅ ਸੇਵਾ 13 36 77 ਦੀ ਵਰਤੋਂ ਕਰਦੇ ਹੋਏ 1300 650 172 'ਤੇ ਫ਼ੋਨ ਕਰੋ, ਜਾਂ ਪ੍ਰਾਇਮਰੀ, ਓਰਲ ਅਤੇ ਕਮਿਊਨਿਟੀ ਹੈਲਥ ਯੂਨਿਟ, ਸੁਪਰਕੇਅਰ ਫਾਰਮੇਸੀਆਂ ਨੂੰ <Supercarepharmacies@health.vic.gov.au> 'ਤੇ ਈਮੇਲ ਕਰੋ।

ਵਿਕਟੋਰੀਅਨ ਸਰਕਾਰ, 1 ਟ੍ਰੇਜ਼ਰੀ ਪਲੇਸ, ਮੈਲਬੌਰਨ ਦੁਆਰਾ ਅਧਿਕਾਰਤ ਅਤੇ ਪ੍ਰਕਾਸ਼ਿਤ।

© ਵਿਕਟੋਰੀਆ ਰਾਜ, ਆਸਟ੍ਰੇਲੀਆ, ਸਿਹਤ ਵਿਭਾਗ, ਜੁਲਾਈ 2023

ਬੈਟਰ ਹੈਲਥ ਚੈਨਲ 'ਤੇ ਉਪਲਬਧ < https://www.betterhealth.vic.gov.au/health/servicesandsupport/victorian-supercare-pharmacies >